# ਅਕਾਲ ਤਖ਼ਤ ਅਤੇ ਖ਼ਾਲਸਾ ਪੰਥ

## ਅਕਾਲ ਤਖ਼ਤ ਅਧੀਨ ਸਰਬ ਸੰਸਾਰ ਖ਼ਾਲਸਾ ਸਟੇਟ

### ਪੰਥ ਨੂੰ, ਮੁਲਕ ਨੂੰ ਅਤੇ ਸਾਰੇ ਸੰਸਾਰ ਨੂੰ ਦਰਪੇਸ਼ ਚੁਣੌਤੀਆਂ ਦਾ ਇਕੋ ਠੀਕ ਹਲ

## ਇੰਟਰਨੈਸ਼ਨਲ ਖਾਲਸਾ ਸਟੇਟ

ਗੁਰੂ ਨਾਨਕ ਸਾਹਿਬ ਨੇ ਕਮਾਲ ਦੀ ਯੋਜਨਾ ਬੰਦੀ ਨਾਲ ਇਸ ਡਿਗੀ ਹੋਈ ਸੁਸਾਇਟੀ ਜਿਸ ਉਪਰ ਵਿਦੇਸ਼ੀ ਮੁਸਲਮਾਨ 500 ਸਾਲ ਤੋਂ ਰਾਜ ਕਰ ਰਹੇ ਸਨ ਇਕ ਮੁਢੋਂ ਆਜ਼ਾਦ ਧਰਮ ਅਤੇ ਪੰਥ ਦੀ ਸਿਰਜਣਾ ਕੀਤੀ : ਕਾਦੀ ਕੂੜ ਬੋਲਿ ਮਲੁ ਖਾਇ॥ ਬ੍ਰਾਹਮਣ ਨਾਵੈ ਜੀਆਂ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਉਜਾੜੇ ਕਾ ਬੰਧੁ॥ (ਪੰਨਾ 662) ਅਗਲੀ ਲਾਈਨਾਂ ਵਿਚ ਤਿਨਾਂ ਨੂੰ ਉਪਦੇਸ਼ ਦਿਤਾ, ਪਰ ਇਕ ਸੌ ਸਾਲਾਂ ਵਿਚ ਆਪਣੇ ਸਿਖਾਂ ਦੀ ਮਾਨਸਿਕ ਅਤੇ ਸਰੀਰਕ ਅਵਸਥਾ ਇਤਨੀ ਉੱਚੀ ਕਰ ਦਿਤੀ ਕਿ ਜਦ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਨੂੰ ਘੋੜਿਆਂ ਦੇ ਵਪਾਰ ਹਿਤ ਮੱਧ ਏਸ਼ੀਆ ਵਿਚੋਂ ਚੰਗੀ ਨਸਲ ਦੇ ਘੋੜੇ ਲਿਆਣ ਲਈ ਸੰਕੇਤ ਦਿਤਾ ਤਾਂ ਅੰਮ੍ਰਿਤਸਰ ਤੋਂ ਚਲ ਕੇ ਪਛਮ ਦੇ ਸਭ ਮੁਸਲਮਾਨੀ ਦੇਸ਼ਾਂ ਵਿਚੋਂ ਲੰਘ ਕੇ 2000 ਮੀਲ ਤੋਂ ਘੋੜੇ ਲਿਆਣ ਲਈ ਸੈਂਕੜੇ ਸਿੱਖ ਤੁਰ ਪਏ।

ਗੁਰੂ ਹਰਗੋਬਿੰਦ ਜੀ ਦਾ ਸਮਕਾਲੀ ਮੁਹਸਨ ਫਾਨੀ ਜਿਹੜਾ ਇਰਾਨ ਵਲੋਂ ਅੰਮ੍ਰਿਤਸਰ ਆਇਆ ਤਾਂ ਉਸਨੇ ਆਪਣੀ ਕਿਤਾਬ ਦੇ ਨਾਨਕ ਪੰਥੀ ਦੇ ਮਜ਼ਮੂਨ ਵਿਚ ਦਰਜ ਕੀਤਾ ਕਿ "ਦੁਨੀਆ ਦੇ ਮੁਲਕਾਂ ਦਾ ਸ਼ਾਇਦ ਹੀ ਕੋਈ ਸ਼ਹਿਰ ਹੋਵੇ ਜਿਥੇ ਥੋੜੇ ਬਹੁਤ ਸਿੱਖ ਨਾ ਹੋਣ"। ਉਸ ਨੂੰ ਸਿੱਖ ਤੇਹਰਾਨ, ਕੰਧਾਰ, ਕਾਬਲ, ਪੇਸ਼ਾਵਰ ਵਿਚ ਮਿਲੇ ਹੋਣਗੇ ਜਿਧਰੋਂ ਉਹ ਆ ਰਿਹਾ ਸੀ। ਇਹ ਅੰਦਾਜ਼ਾ ਲਗਾਣਾ ਬਿਲਕੁਲ ਮੁਸ਼ਕਲ ਨਹੀਂ ਕਿ ਉਸ ਨੇ ਇਸ ਖਾਲਿਸ ਮੁਸਲਮਾਨੀ ਇਲਾਕੇ ਵਿਚੋਂ ਸਿੱਖਾਂ ਦੀ ਪਛਾਣ ਕਿਵੇਂ ਕੀਤੀ।

ਗੁਰੂ ਅਰਜਨ ਦੇਵ ਜੀ ਵੇਲੇ ਸਿੱਖੀ ਬਹੁਤ ਫੈਲੀ ਅਤੇ ਗੁਰੂ ਸਾਹਿਬ ਨੇ ਸ਼ਾਹੀ ਦਰਬਾਰ ਲਗਾਣੇ ਸ਼ੁਰੂ ਕੀਤੇ। ਡਾ. ਹਰੀ ਰਾਮ ਗੁਪਤਾ ਦੇ ਸ਼ਬਦਾਂ ਵਿਚ **"ਸਿੱਖ ਕੌਮ ਨੇ ਮੁਗਲ ਸਟੇਟ ਅੰਦਰ ਆਪਣੀ ਸਟੇਟ ਕਾਇਮ ਕਰਕੇ ਆਪਣੀ ਸਿਆਸੀ ਉਨਤੀ ਦਾ ਰਸਤਾ ਤਿਆਰ ਕੀਤਾ"** (ਹਿਸਟਰੀ ਆਫ ਸਿਖਜ਼ ਭਾਗ 4 ਪੰਨਾ 134)। ਟਾਇਨਬੀ ਦਾ ਵਿਚਾਰ ਹੋਰ ਵੀ ਸਪਸ਼ਟ ਹੈ ਕਿ ਸਿਖ ਧਰਮ ਅਤੇ ਕੌਮ ਦੇ ਇਤਨੀ ਜਲਦੀ ਵਿਕਾਸ ਦਾ ਕਾਰਨ ਇਹ ਸੀ " ਕਿ ਗੁਰੂ ਹਰਗੋਬਿੰਦ ਤੋਂ ਪਹਿਲੇ **ਗੁਰੂਆਂ ਨੇ ਇਸ ਉਭਰਦੀ ਹੋਈ ਕੌਮ ਨੂੰ ਇਕ ਅਰੰਭਕ ਧਰਮ ਤੋਂ ਅਰੰਭਕ ਸਟੇਟ ਵਿਚ ਬਦਲ ਦਿਤਾ"** (ਟਾਇਨਬੀ ਭਾਗ 5, ਪੰਨਾ 665)

ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਦੇ ਵਕਤ ਸਤੇ ਬਲਵੰਡ ਦੀ ਵਾਰ ਅਤੇ ਭੱਟਾਂ ਦੇ ਸਵਈਯੇ ਦਰਜ ਕੀਤੇ। ਭੱਟਾਂ ਬਾਰੇ ਸਾਨੂੰ ਬਹੁਤ ਘਟ ਪਤਾ ਹੈ ਪਰ ਇਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਗੁਰੂਆਂ ਦੀ ਤਾਰੀਫ ਹੀ ਕੀਤੀ ਹੈ ਅਤੇ ਇਹਨਾਂ ਸਵਈਆਂ ਨੂੰ ਗੁਰੂ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਨੇ ਬਾਣੀ ਦਾ ਦਰਜਾ ਦਿਤਾ ਅਤੇ ਸਾਡੇ ਵਾਸਤੇ ਇਹਨਾਂ ਵਿਚ ਅੰਕਿਤ ਵਿਚਾਰ ਅੱਟਲ ਸਚਾਈ ਦਾ ਦਰਜਾ ਰਖਦੇ ਹਨ। ਗੁਰੂ ਸਾਹਿਬ ਨੇ ਪੰਥ ਨੂੰ ਬਹੁਤ ਹੀ ਬੁਨਿਆਦੀ ਤੱਥ ਸਮਝਾਣ ਲਈ ਹੀ ਇਹ ਸਵਈਏ ਦਰਜ ਕੀਤੇ। ਗੁਰੂ ਸਾਹਿਬ ਸਾਨੂੰ ਭਟਾਂ ਦੇ ਰਾਹੀਂ ਕੀ ਸਮਝਾ ਰਹੇ ਹਨ : ਪੰਨਾ 1408-1409

**"ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥**

ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥

ਅੰਗਦਿ ਕਿਰਪਾ ਧਾਰਿ ਅਮਰੁ ਸਤਿਗੁਰੁ ਥਿਰੁ ਕੀਅਉ ॥

ਅਮਰਦਾਸਿ ਅਮਰਤੁ ਛਤ੍ਰੁ ਗੁਰ ਰਾਮਹਿ ਦੀਅਉ ॥

ਰਾਮਦਾਸਿ ਗੁਰੂ ਜਗ ਤਾਰਨ ਕਉ ਗੁਰ ਜੋਤਿ ਅਰਜਨ ਮਾਹਿ ਧਰੀ ॥.......

ਭਨਿ ਮਥੁਰਾ ਕਛੁ ਭੇਦ ਨਹੀਂ ਗੁਰੁ ਅਰਜੁਨੁ ਪਰਤਖ ਹਰਿ ॥..........

ਦੇਵਪੁਰੀ ਮਹਿ ਗਯਉ ਆਪਿ ਪਰਮੇਸ੍ਵਰ ਭਾਯਉ ॥..........

**ਛਤ੍ਰੁ ਸਿੰਘਾਸਨ ਪਿਰਥਮੀ ਗੁਰ ਅਰਜੁਨ ਕਉ ਦੇ ਆਇਅਉ ॥"**

ਸਪੱਸ਼ਟ ਹੈ ਕਿ ਅਕਾਲ ਪੁਰਖ ਦੀ ਆਪਣੀ ਜੋਤਿ ਨੇ ਗੁਰੂ ਨਾਨਕ ਕਹਾਇਆ ਅਤੇ ਫਿਰ ਗੁਰੂ ਅੰਗਦ, ਅਮਰਦਾਸ ਅਤੇ ਗੁਰੂ ਰਾਮਦਾਸ ਰਾਹੀਂ ਇਹ ਜੋਤ ਗੁਰੂ ਅਰਜੁਨ ਦੇਵ ਜੀ ਵਿਚ ਪਰਵੇਸ਼ ਕੀਤੀ ਤਾਂ **ਸਿੱਖਾਂ ਨੇ ਸਮਝ ਲਿਆ ਕਿ ਜਿਥੇ ਹਿੰਦੂ ਅਤੇ ਮੁਸਲਮਾਨ ਦਿੱਲੀ ਦੇ ਤਖਤ ਅਧੀਨ ਗੁਲਾਮ ਸ਼ਹਿਰੀ ਹਨ ਉੱਥੇ ਸਿੱਖ ਆਪਣੇ ਸੱਚੇ ਪਾਤਸ਼ਾਹ ਅਧੀਨ ਸੰਸਾਰ ਵਿਚ ਆਜ਼ਾਦ ਸਟੇਟ ਦੇ ਸ਼ਹਿਰੀ ਹਨ** ਅਤੇ ਇਹੋ ਕਾਰਨ ਸੀ ਸਿੱਖਾਂ ਦੀ ਉਚੀ ਮਾਨਸਿਕ ਅਤੇ ਜਿਸਮਾਨੀ ਅਵੱਸਥਾ ਅਤੇ ਚੜ੍ਹਦੀ ਕਲਾ ਦਾ।

**ਸਿੱਖ ਸਟੇਟ ਦੀ ਸਪਸ਼ੱਟ ਰੂਪ ਵਿਚ ਪ੍ਰਗਤੀ** - ਗੁਰੂ ਅਰਜਨ ਦੇਵ ਜੀ ਨੇ "ਤੇਰਾ ਕੀਆ ਮੀਠਾ ਲਾਗੈ" ਉਚਾਰਦੇ ਹੋਏ ਸ਼ਹੀਦੀ ਤੋਂ ਪਹਿਲਾਂ ਘੋੜਸਵਾਰ ਭਾਈ ਬਿਧੀ ਚੰਦ ਰਾਹੀਂ ਲਾਹੌਰ ਤੋਂ ਅੰਮ੍ਰਿਤਸਰ ਸੰਗਤਾਂ ਨੂੰ ਸੁਨੇਹਾ ਭੇਜਿਆ ਕਿ "ਹਰਗੋਬਿੰਦ ਛੇਵੇਂ ਨਾਨਕ ਹਨ ਅਤੇ ਉਹ ਹਥਿਆਰਬੰਦ ਹੋਕੇ ਤਖਤ ਤੇ ਬੈਠਣ ਅਤੇ ਵਡੀ ਤੋਂ ਵਡੀ ਫੌਜ ਰਖਣ"। ਗੁਰੂ ਸਾਹਿਬ ਦੀ ਸ਼ਹੀਦੀ ਸਿੱਖਾਂ ਲਈ ਦਿਲ ਹਿਲਾ ਦੇਣ ਵਾਲੀ ਘਟਨਾ ਸੀ। ਗੁਰੂ ਹਰਗੋਬਿੰਦ ਜੀ ਨੇ ਸੰਗਤਾਂ ਨੂੰ ਕੀਰਤਨ ਕਰਨ ਅਤੇ ਸ਼ਹੀਦੀ ਨੂੰ ਅਕਾਲ ਪੁਰਖ ਦਾ ਹੁਕਮ ਮੰਨਦੇ ਹੋਏ ਭਾਣਾ ਮੰਨਣ ਦਾ ਹੁਕਮ ਕਰਨ ਉਪਰੰਤ ਕਿਹਾ ਕਿ ਉਹ ਜਲਦੀ ਹੀ ਪੰਥ ਅਗੇ ਨਵਾਂ ਪ੍ਰੋਗਰਾਮ ਰਖਣਗੇ :

**(ੳ)** **ਅਕਾਲ ਤਖਤ ਦੀ ਉਸਾਰੀ** - ਗੁਰੂ ਹਰਿਗੋਬਿੰਦ ਜੀ ਨੇ ਬਾਬਾ ਬੁਢਾ ਜੀ ਅਤੇ ਭਾਈ ਗੁਰਦਾਸ ਜੀ ਨੂੰ ਹਰਿਮੰਦਰ ਸਾਹਿਬ ਦੇ ਸਾਹਮਣੇ ਇਟਾਂ ਅਤੇ ਗਾਰਾ ਲਿਆਣ ਲਈ ਕਿਹਾ। ਉਥੇ ਉਹਨਾਂ ਆਪ ਅਕਾਲ ਤਖਤ ਦੀ ਨੀਂਹ ਰਖੀ ਅਤੇ ਇਕ ਨੌਂ ਫੁਟ ਉਚੇ ਥੜੇ ਦੀ ਉਸਾਰੀ ਇਨ੍ਹਾਂ ਤਿਨਾਂ ਨੇ ੨-੩ ਦਿਨਾਂ ਵਿਚ ਪੂਰੀ ਕੀਤੀ। ਇਸ ਉਪਰੰਤ ਉਨ੍ਹਾਂ ਫੁਰਮਾਇਆ ਕਿ ਥੜੇ ਉਪਰ ਸੁੰਦਰ ਗਲੀਚਾ ਵਿਛਾ ਕੇ ਉਪਰ ਸ਼ਾਹੀ ਠਾਠ ਵਾਲਾ ਚੰਦੋਆ ਲਗਾਣ ਅਤੇ ਉਹ ਆਪ ਤਿਆਰ ਹੋਕੇ ਆਣਗੇ। ਉਹਨਾਂ ਖੂਬਸੂਰਤ ਸ਼ਾਹੀ ਬਸਤਰ ਪਹਿਨ ਕੇ, ਦਸਤਾਰ ਤੇ ਕਲਗੀ,ਮੋਤੀਆਂ ਦੀ ਮਾਲਾ ਅਤੇ ਫੌਲਾਦੀ ਚਕਰ ਨਾਲ ਸਸ਼ੋਭਤ ਕਰਨ ਉਪਰੰਤ ਤਖਤ ਤੇ ਪਹੁੰਚੇ ਅਤੇ ਬਾਬਾ ਬੁਢਾ ਜੀ ਨੂੰ ਕਿਹਾ ਕਿ ਗੁਰਿਆਈ ਦੇ ਤਿਲਕ ਦੀ ਜਗ੍ਹਾ ਉਨ੍ਹਾਂ ਨੂੰ ਦੋ ਤਲਵਾਰਾਂ ਪਹਿਨਾਣ - ਇਕ ਮੀਰੀ ਦੀ ਅਤੇ ਇਕ ਪੀਰੀ ਦੀ। **ਉਨ੍ਹਾਂ ਐਲਾਨ ਕੀਤਾ ਕਿ ਪਹਿਲੇ ਪੰਜ ਨਾਨਕ ਵੀ ਧਾਰਮਿਕ ਅਤੇ ਰਾਜਸੀ ਗੁਰੂ**

Sri Satguru Jagjit Singh Ji eLibrary NamdhariElibrary@gmail.com

**ਹੋ ਕੇ ਵਿਚਰਦੇ ਰਹੇ ਹਨ ਪਰ ਹੁਣ ਅਸੀਂ ਨਾ ਸਿਰਫ ਪੰਥ ਨੂੰ ਬਲਕਿ ਸਾਰੇ ਸੰਸਾਰ ਨੂੰ ਆਪਣਾ ਅਸਲੀ ਰੂਪ ਪਰਤੱਖ ਕਰਨਾ ਹੈ।** ਉਨ੍ਹਾਂ ਹੁਕਮ ਕੀਤਾ ਕਿ ਉਹਨਾਂ ਦੇ ਸੀਸ ਤੇ ਇਕ ਸਿੱਖ ਹਮੇਸ਼ਾ ਸ਼ਾਹੀ ਛੱਤਰ ਕਰਿਆ ਕਰੇ (ਮੀਰੀ ਦੀ ਨਿਸ਼ਾਨੀ) ਅਤੇ ਇਕ ਹੋਰ ਸਿੱਖ ਚੌਰ ਕਰਿਆ ਕਰੇ (ਪੀਰੀ ਦੀ ਨਿਸ਼ਾਨੀ)। ਉਹਨਾਂ ਪੰਥ ਨੂੰ ਪਹਿਲਾ ਹੁਕਮਨਾਮਾ ਜਾਰੀ ਕੀਤਾ ਕਿ ਸੰਗਤਾਂ ਕੋਲੋਂ ਉਨ੍ਹਾਂ ਨੂੰ ਹਥਿਆਰ, ਘੋੜੇ ਅਤੇ ਜਵਾਨੀ ਦੀਆਂ ਭੇਟਾਂ ਉੱਤਮ ਰੂਪ ਵਿਚ ਪਰਵਾਨ ਹੋਣਗੀਆਂ। ਸਿੱਖਾਂ ਵਿਚ ਆਈ ਘਬਰਾਹਟ ਦੇਖ ਕੇ ਮਾਤਾ ਗੰਗਾ ਜੀ ਅਤੇ ਬਾਬਾ ਬੁਢਾ ਜੀ ਨੇ ਤਸੱਲੀ ਦਿਤੀ ਕਿ ਹਰਿਗੋਬਿੰਦ ਜੀ ਨਾਨਕ ਦੀ ਜੋਤ ਹਨ ਅਤੇ ਉਹਨਾਂ ਨੂੰ ਗੁਰੂ ਨਾਨਕ ਦੇਵ ਜੀ ਦਾ ਸਾਰਾ ਪ੍ਰੋਗਰਾਮ ਪਤਾ ਹੈ।


**ਅਕਾਲ ਤਖ਼ਤ ਦਾ ਨਿਸ਼ਾਨ 1606**

(ਅ) **ਅਕਾਲ ਤਖ਼ਤ ਦੀ ਫੌਜ** - ਮੋਹਸਨ ਫਾਨੀ ਅਨੁਸਾਰ ਗੁਰੂ ਜੀ ਨੇ ੨੨੦੦ ਦੀ ਫੌਜ ਤਿਆਰ ਕੀਤੀ ਜਿਸ ਵਿਚ ੬੦ ਬੰਦੂਕਚੀ, ੩੦੦ ਘੋੜ ਸਵਾਰ ਜਿਨਾਂ ਲਈ ੭੦੦ ਘੋੜੇ ਸਨ।

(ੲ) **ਜਹਾਂਗੀਰ ਵਲੋਂ ਅਕਾਲ ਤਖ਼ਤ ਅਤੇ ਇਸ ਦੀ ਫੌਜ ਨੂੰ ਮਾਨਤਾ** - ਸਰਹੰਦ ਦੇ ਨਕਸ਼ਬੰਦੀ ਮੁਸਲਮਾਨ ਜਿਹੜੇ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਪਰੰਤ ਖੁਸ਼ ਹੋਏ ਸਨ ੧੧ ਸਾਲ ਦੇ ਹਰਿਗੋਬਿੰਦ ਜੀ ਦੇ ਕਾਰਨਾਮੇ ਦੇਖ ਕੇ ਹੈਰਾਨ ਹੋ ਗਏ ਅਤੇ ਉਹਨਾਂ ਜਹਾਂਗੀਰ ਨੂੰ ਜ਼ੋਰਦਾਰ ਸ਼ਿਕਾਇਤ ਕੀਤੀ ਕਿ ਤੇਰੇ ਰਾਜ ਵਿਚ ਕੀ ਹੋ ਰਿਹਾ ਹੈ ਕਿ ਕਾਫਰਾਂ ਦਾ ਗੁਰੂ ਤੇਰੇ ਰਾਜ ਵਿਚ ਤਖ਼ਤ ਤੇ ਬੈਠਦਾ ਹੈ, ਸੱਚਾ ਪਾਤਸ਼ਾਹ ਕਹਾਂਦਾ ਹੈ ਅਤੇ ਉਸ ਨੇ ਆਧੁਨਿਕ ਫੌਜ ਵੀ ਰਖੀ ਹੋਈ ਹੈ। ਜਦ ਜਹਾਂਗੀਰ ਨੇ ਤਲਬ ਕੀਤਾ ਤਾਂ ਗੁਰੂ ਸਾਹਿਬ ਆਪਣੇ ਫੌਜੀਆਂ ਦੀ ਗਾਰਦ ਨਾਲ ਅਤੇ ਸ਼ਾਹੀ ਠਾਠ ਨਾਲ ਜਹਾਂਗੀਰ ਨੂੰ ਮਿਲੇ ਅਤੇ ਸਪੱਸ਼ਟ ਕੀਤਾ ਕਿ ਭਾਂਵੇ ਉਹ ਅਕਾਲ ਦੇ ਤਖ਼ਤ ਤੇ ਸੁਸ਼ੋਭਿਤ ਹੁੰਦੇ ਹਨ ਪਰ ਉਹਨਾਂ ਨੇ ਦੁਨੀਆ ਦੇ ਸਭ ਤੋਂ ਵਡੇ ਰਾਜੇ ਜਹਾਂਗੀਰ ਦੇ ਰਾਜ ਦੇ ਇਕ ਗਜ਼ ਹਿਸੇ ਉਪਰ ਵੀ ਕਬਜ਼ਾ ਨਹੀਂ ਕੀਤਾ। ਉਹਨਾਂ ਦਸਿਆ ਕਿ **ਅਕਾਲ ਦੇ ਤਖ਼ਤ ਦਾ ਕਾਰਜ ਖੇਤਰ ਸਾਰਾ ਸੰਸਾਰ ਹੈ ਅਤੇ ਅਕਾਲ ਪੁਰਖ ਵਲੋਂ ਉਹਨਾਂ ਨੂੰ ਕੁਲ ਆਲਮ ਦੇ ਲੋਕਾਂ ਨੂੰ ਰਾਹਤ ਦੇਣ ਦੀ ਜ਼ਿਮੇਵਾਰੀ ਮਿਲੀ ਹੋਈ ਹੈ।** ਜਹਾਂਗੀਰ ਨੂੰ ਸਮਝ ਨਾ ਆਈ ਅਤੇ ਉਸ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਦਿੱਤਾ। ਗੁਰੂ ਸਾਹਿਬ ਨੇ ਸਿੱਖਾਂ ਨੂੰ ਆਦੇਸ਼ ਦਿਤਾ ਕਿ ਉਹ ਆਪਣੇ ਕੀਰਤਨ ਅਤੇ ਲੰਗਰ ਦੇ ਪ੍ਰੋਗਰਾਮ ਜਾਰੀ ਰਖਣ। ਗਵਾਲੀਅਰ ਤੋਂ ੮੦੦ ਕਿਲੋਮੀਟਰ ਦੂਰੋਂ ਅੰਮ੍ਰਿਤਸਰ ਤੋਂ ਕੀਰਤਨ ਕਰਦੀਆਂ ਸਿੱਖਾਂ ਦੀਆਂ ਟੋਲੀਆਂ ਨੇ ਗਵਾਲੀਅਰ ਵਲ ਚਾਲੇ ਪਾ ਦਿਤੇ। ਰਸਤੇ ਵਿਚ ਸਭ ਨੂੰ ਲੰਗਰ ਛਕਾਂਦੇ ਅਤੇ ਕਿਲੇ ਦੇ ਦਵਾਲੇ ਮਾਰਚ ਕਰਦੇ, ਅਤੇ ਕੀਰਤਨ ਕਰਦੇ ਸਿੱਖਾਂ ਨੇ ਸਿੱਖੀ ਦਾ ਕਮਾਲ ਦਾ ਪ੍ਰਚਾਰ ਕੀਤਾ। ਸਿਖਾਂ ਦੀ ਚੜ੍ਹਦੀ ਕਲਾ ਵੇਖ ਕੇ ਸਿੱਖੀ ਵਿਚ ਬਹੁਤ ਵਾਧਾ ਹੋਇਆ। ਅੰਤ ਵਿਚ ਜਹਾਂਗੀਰ ਨੇ ਕਿਲੇ ਵਿਚ ਬੰਦ ਸਾਰੇ ਰਾਜਸੀ ਕੈਦੀਆਂ ਸਮੇਤ ਗੁਰੂ ਜੀ ਨੂੰ ਛਡ ਦਿਤਾ। ਬੜੀ ਸ਼ਾਨ ਨਾਲ ਮਾਰਚ ਕਰਦਾ ਗੁਰੂ ਜੀ ਦਾ ਵਡਾ ਕਾਫਲਾ ਅੰਮ੍ਰਿਤਸਰ ਦਿਵਾਲੀ ਵਾਲੇ ਦਿਨ ਪਹੁੰਚਿਆ ਅਤੇ ਸਭ ਨੇ ਖੁਸ਼ੀ ਵਿਚ ਦੀਪਮਾਲਾ ਅਤੇ ਆਤਿਸ਼ਬਾਜ਼ੀ ਨਾਲ ਸੰਗਤਾਂ ਦਾ ਸਵਾਗਤ ਕੀਤਾ। **ਸਿੱਖਾਂ ਨੂੰ ਯਕੀਨ ਹੋ ਗਿਆ ਕਿ ਮੁਗਲਾਂ ਨੇ ਇਸ ਅਲੌਕਿਕ ਅਕਾਲ ਤਖ਼ਤ ਅਧੀਨ ਸਰਬ ਸੰਸਾਰ ਇਲਾਹੀ ਰਾਜ ਨੂੰ ਮਾਨਤਾ ਦਿੱਤੀ ਹੈ।**

**ਖਾਲਸਾ ਅਕਾਲ ਪੁਰਖ ਕੀ ਫੌਜ** - ਜਦ ਗੁਰੂ ਨਾਨਕ ਸਾਹਿਬ ਨੇ ੧੪੯੯ ਵਿਚ ਵੇਂਈ ਵਿਚੋਂ

Sri Satguru Jagjit Singh Ji eLibrary NamdhariElibrary@gmail.com

ਨਿਕਲ ਕੇ "ਨਾ ਕੋ ਹਿੰਦੂ ਨਾ ਮੁਸਲਮਾਨ" ਦਾ ਨਾਅਰਾ ਹਰ ਇਕ ਨੂੰ ਸੁਣਾਇਆ ਤਾਂ ਉਨ੍ਹਾਂ ਨੂੰ ਅਕਾਲ ਪੁਰਖ ਵਲੋਂ ਮਿਲੇ ਪ੍ਰੋਗਰਾਮ ਦਾ ਪੂਰਾ ਗਿਆਨ ਹੋਇਆ ਸੀ। ਉਨ੍ਹਾਂ ਨੂੰ ਸਪਸ਼ਟ ਸੀ ਕਿ ਹੋਰਨਾਂ ਭਗਤਾਂ ਦੀ ਤਰ੍ਹਾਂ ਉਨ੍ਹਾਂ ਉਸ ਵਕਤ ਦੇ ਰਾਜ, ਧਾਰਮਕ ਲਹਿਰਾਂ ਅਤੇ ਬੰਦਿਆਂ ਦੇ ਆਚਰਣ ਉਪਰ ਕੇਵਲ ਟਿਪਣੀਆਂ ਅਤੇ ਮਨੁਖਤਾ ਨੂੰ ਉਪਦੇਸ਼ ਹੀ ਨਹੀਂ ਦੇਣੇ ਹਨ ਸਗੋਂ ਆਪਣੇ ਸਿੱਖਾਂ ਨੂੰ ਅਕਾਲ ਪੁਰਖ ਨਾਲ ਜੋੜ ਕੇ ਇਕ ਅਜੇਹੀ ਸੰਸਥਾ, ਪੰਥ ਅਤੇ ਫੌਜ ਦੀ ਸਿਰਜਣਾ ਕਰਨੀ ਹੈ ਜਿਸਨੇ ਅਕਾਲ ਪੁਰਖ ਵਲੋਂ ਆਈ ਬਾਣੀ ਅਨੁਸਾਰ ਆਪਣਾ ਜੀਵਨ ਢਾਲ ਕੇ ਮਨੁਖਤਾ ਦੀ ਅਗਵਾਈ ਕਰਨੀ ਹੈ। ਉਨ੍ਹਾਂ ਨੂੰ ਯਕੀਨ ਸੀ ਕਿ ਬਾਣੀ ਰਾਹੀਂ ਉਨ੍ਹਾਂ ਨੇ ਜਿਹੜਾ ਇਨਕਲਾਬ ਯਾ ਕਰਾਂਤੀਂ ਪੱਕੇ ਰੂਪ ਵਿਚ ਲਿਆਣੀ ਹੈ ਉਸ ਨੂੰ ਕਈ ਸੌ ਸਾਲ ਲਗਣਗੇ। ਸਭ ਤੋਂ ਪਹਿਲਾਂ ਉਨ੍ਹਾਂ ਨੇ ਆਪਣੀਆਂ ਨੌ ਜੋਤਾਂ ਰਾਹੀਂ ਇਹ ਜੀਵਨ ਜਾਚ ਅਮਲੀ ਰੂਪ ਵਿਚ ਦਰਸਾਈ। ਆਪਣੇ ਨਿਜੀ ਅਤੇ ਟਬੱਰ ਦੇ ਸੁਆਰਥਾਂ ਤੋਂ ਉਪਰ ਉਠ ਕੇ ਸਚਾਈ ਲਈ ਮਰਨਾ ਸਿਖਾਣ ਲਈ ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਦਿੱਤੀ। ਇਸ ਵਕਤ ਤਕ ਪੰਥ ਦੇ ਕੇਂਦਰੀ ਸਥਾਨ ਅਤੇ ਪੋਥੀ ਸਾਹਿਬ ਦੀ ਸਿਰਜਣਾ ਹੋ ਚੁਕੀ ਸੀ ਪਰ ਇਸ ਅਕਾਲ ਪੁਰਖ ਦੀ ਫੌਜ ਦਾ ਅਮਲੀ ਰੂਪ ਦੁਨੀਆ ਦੇ ਸਾਹਮਣੇ ਆਣਾ ਅਜੇ ਬਾਕੀ ਸੀ।

ਗੁਰੂ ਅਰਜਨ ਦੇਵ ਜੀ ਨੇ ਅਕਾਲ ਪੁਰਖ ਦੀ ਲੀਲਾ ਅਤੇ ਸੰਸਾਰ ਵਿਚ ਵਿਚਰਦੇ ਵਖ ਵਖ ਧਰਮਾਂ ਬਾਰੇ ਗੁਰਬਾਣੀ ਦਾ ਨਿਚੋੜ ਇਸ ਤਰ੍ਹਾਂ ਪੇਸ਼ ਕੀਤਾ :

**ਰਾਮਕਲੀ ਮਹਲਾ ੫ ॥**

**ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥**

**ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥**

**ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥**

**ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥੩॥**

**ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥**

**ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥ ਪੰਨਾ ੮੮੫**

ਹਰ ਪ੍ਰਾਣੀ ਮਾਤਰ ਨੂੰ ਆਪਣੀ ਵਿਲਖਣ ਸੋਚ ਅਨੁਸਾਰ, ਵਖਰੀ ਬੋਲੀ, ਸਭਿਅਤਾ ਰਾਹੀਂ ਇਸ ਸੰਸਾਰ ਵਿਚ ਵਿਚਰਣ ਦਾ ਹਕ ਹੈ। ਪਹਿਲੀ ਜੋਤ ਵਿਚ ਗੁਰੂ ਨਾਨਕ ਸਾਹਿਬ ਨੇ ਜਨੇਊ ਪਾਣ ਦੀ ਕਰਮ ਕਾਂਡੀ ਰਸਮ ਨਾ ਅਪਣਾਈ ਅਤੇ ਇਸ ਉਪਰ ਟਿਪਣੀ ਕੀਤੀ ਕਿ ਇਹ ਵੱਖ ਵੱਖ ਵਰਨਾਂ ਲਈ ਫਰਕ ਅਤੇ ਕੇਵਲ ਪੁਰਸ਼ਾਂ ਲਈ ਹੀ ਕਿਉਂ ਹੋਵੇ ? ਪਰ ਉਨਾਂ ਦੀ ਨੌਵੀਂ ਜੋਤ ਨੇ ਹਿੰਦੂਆਂ ਦੇ ਆਪਣੇ ਨਿੱਜੀ ਹਕ : ਤਿਲਕ ਅਤੇ ਜੰਜੂ ਪਾਣ ਨੂੰ ਮਨੁਖਤਾ ਦਾ ਹਕ ਦਰਸਾਣ ਲਈ ਆਪਣੀ ਸ਼ਹੀਦੀ ਦੇਕੇ ਸਪੱਸ਼ਟ ਕਰ ਦਿਤਾ ਕਿ ਸਿੱਖੀ ਕੀ ਹੈ। **ਸਚਾਈ ਅਤੇ ਧਰਮ ਲਈ ਜਾਨ ਦੇਣੀ ਗੁਰੂ ਨਾਨਕ ਦੀਆਂ ਦੋ ਜੋਤਾਂ ਨੇ ਆਪ ਸ਼ਹੀਦੀ ਪਾਕੇ ਸਾਨੂੰ ਸਿਖਾਈ।** ਸਿੱਖਾਂ ਨੂੰ ਕੋਈ ਭੁਲੇਖਾ ਨਾ ਰਹਿ ਜਾਏ ਕਿ ਉਹ ਕੌਣ ਹਨ, ਗੁਰੂ ਅਰਜਨ ਸਾਹਿਬ ਨੇ **"ਨ ਕੋ ਹਿੰਦੂ ਨ ਮੁਸਲਮਾਨ"** ਦੇ ਗੁਰੂ ਨਾਨਕ ਦੇ ਨਾਅਰੇ ਨੂੰ ਸਪੱਸ਼ਟ ਕਰਨ ਲਈ ਆਪਣਾ ਸ਼ਬਦ :ਭੈਰਉ ਮਹਲਾ ੫ ਪੰਨਾ ੧੧੩੬ ਤੇ ਇਸ ਤਰਾਂ ਅੰਕਿਤ ਕੀਤਾ ਹੈ :

ਵਰਤ ਨ ਰਹਉ ਨ ਮਹ ਰਮਦਾਨਾ ॥ ਤਿਸੁ ਸੇਵੀ ਜੋ ਰਖੈ ਨਿਦਾਨਾ ॥੧॥

Sri Satguru Jagjit Singh Ji eLibrary NamdhariElibrary@gmail.com

ਏਕੁ ਗੁਸਾਈ ਅਲਹੁ ਮੇਰਾ ॥ ਹਿੰਦੂ ਤੁਰਕ ਦੁਹਾਂ ਨੇਬੇਰਾ ॥੧॥ ਰਹਾਉ ॥

ਹਜ ਕਾਬੈ ਜਾਉ ਨ ਤੀਰਥ ਪੂਜਾ ॥ ਏਕੋ ਸੇਵੀ ਅਵਰੁ ਨ ਦੂਜਾ॥੨॥

ਪੂਜਾ ਕਰਉ ਨ ਨਿਵਾਜ ਗੁਜਾਰਉ ॥ ਏਕ ਨਿਰੰਕਾਰ ਲੇ ਰਿਦੈ ਨਮਸਕਾਰਉ ॥੩॥

**ਨਾ ਹਮ ਹਿੰਦੂ ਨ ਮੁਸਲਮਾਨ ॥** ਅਲਹ ਰਾਮ ਕੇ ਪਿੰਡੁ ਪਰਾਨ ॥੪॥

ਕਹੁ ਕਬੀਰ ਇਹੁ ਕੀਆ ਵਖਾਨਾ ॥ ਗੁਰ ਪੀਰ ਮਿਲਿ ਖੁਦਿ ਖਸਮੁ ਪਛਾਨਾ ॥੫॥੩॥

ਅਕਾਲ ਪੁਰਖ ਦੀ ਜੋਤ ਜਿਹੜੀ ਸਾਡੇ ਗੁਰੂਆਂ ਵਿਚ ਵਿਚਰ ਰਹੀ ਸੀ ਉਸ ਨੇ ਆਪਣੇ ਮਿਸ਼ਨ ਦਾ ਵਿਸਥਾਰ ਸਪਸ਼ਟ ਸ਼ਬਦਾਂ ਵਿਚ ਨਹੀਂ ਕੀਤਾ। ਸਾਡੇ ਗੁਰੂ ਕੇਵਲ ਬਾਣੀ ਹੀ ਬੋਲਦੇ ਸਨ ਅਤੇ ਅਸੀਂ ਉਨ੍ਹਾਂ ਦੇ ਉਦੇਸ਼ਾਂ ਨੂੰ ਉਹਨਾਂ ਦੇ ਅਮਲਾਂ ਅਤੇ ਕਾਰਜਾਂ ਰਾਹੀਂ ਹੀ ਸਮਝਣਾ ਹੈ।

ਗੁਰੂ ਸਾਹਿਬ ਸਾਨੂੰ ਗੁਰੂਆਂ ਦੇ ਦੁਨਿਆਵੀ ਇਤਿਹਾਸ ਵਿਚ ਉਲਝਣ ਤੋਂ ਬਚਾਣ ਲਈ ਇਹੋ ਜਿਹੇ ਇਤਿਹਾਸ ਲਿਖਣ ਅਤੇ ਲਿਖਵਾਣ ਦੇ ਖਿਲਾਫ ਸਨ। ਗੁਰੂ ਗ੍ਰੰਥ ਸਾਹਿਬ ਦੇ ਲਿਖਾਰੀ ਅਤੇ ਮਹਾਨ ਕਵੀ ਭਾਈ ਗੁਰਦਾਸ ਦਾ ਗੁਰੂ ਅਰਜਨ ਦੇਵ ਜੀ ਦੀ ਅਚਣਚੇਤ ਸ਼ਹੀਦੀ ਬਾਰੇ ਕੁਝ ਨਾ ਲਿਖਣ ਦਾ ਸਾਫ ਮਤਲਬ ਹੈ ਕਿ ਗੁਰੂ ਹਰਿ ਗੋਬਿੰਦ ਜੀ ਨੇ ਉਨ੍ਹਾਂ ਨੂੰ ਰੋਕ ਦਿਤਾ ਸੀ ਅਤੇ ਗੁਰੂ ਸਾਹਿਬ ਦੀ ਸ਼ਹੀਦੀ ਨੂੰ ਅਕਾਲ ਪੁਰਖ ਦਾ ਹੁਕਮ ਸਮਝਾਣ ਲਈ ਉਨ੍ਹਾਂ ਸਿੱਖਾਂ ਨੂੰ ਅਗਲੇ ਪ੍ਰੋਗਰਾਮ ਉਪਰ ਚਲਣ ਦੇ ਹੀ ਫੁਰਮਾਨ ਦਿਤੇ। ਕੁਲ ਸਮਾਜ ਹੈਰਾਨ ਸੀ ਕਿ ਗੁਰੂ ਸਾਹਿਬ ਦੀ ਇਸ ਘੋਰ ਤਸੀਹੇ ਝਲਦੇ ਹੋਏ ਸ਼ਹੀਦੀ ਦਾ ਰੋਸ ਸਿੱਖਾਂ ਨੇ ਨਹੀਂ ਕੀਤਾ।

ਇਸੇ ਹੀ ਸੰਧਰਭ ਵਿਚ ਗੁਰੂ ਗੋਬਿੰਦ ਸਿੰਘ ਜੀ ਕੋਲ ੫੨ ਕਵੀ ਅਤੇ ਲਿਖਾਰੀ ੨੫-੩੦ ਸਾਲ ਰਹੇ। ਕੁਝ ਨੂੰ ਉਨ੍ਹਾਂ ਬਨਾਰਸ ਸੰਸਕ੍ਰਿਤ ਪੜਨ ਅਤੇ ਮਿਥਿਹਾਸ ਦੀ ਜਾਣਕਾਰੀ ਉਪਰੰਤ, ਇਸ ਮਿਥਿਆਸ ਨੂੰ ਗੁਰਮੁਖੀ ਵਿਚ ਲਿਖਣ ਦੀ ਪ੍ਰੇਰਨਾ ਦਿਤੀ। ਇਨਾਂ ਲਿਖਾਰੀਆਂ ਨੇ ਦੋ ਚੰਡੀ ਚਰਿਤਰ, ਚੰਡੀ ਦੀ ਵਾਰ, ਚੌਬੀਸ ਅਵਤਾਰ, ਆਦਿਕ ਤਾਂ ਲਿਖੇ ਪਰ ਗੁਰੂ ਸਾਹਿਬ ਨੇ ਕਿਸੇ ਨੂੰ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ, ਅਨੰਦਪੁਰ ਦਿਆਂ ਲੜਾਈਆਂ, ਚਮਕੌਰ ਦੀ ਜੰਗ, ਸਾਹਿਬਜ਼ਾਦਿਆਂ ਦੀਆਂ ਸ਼ਹੀਦਿਆਂ, ਮੁਕਤਸਰ ਦੀ ਜੰਗ ਬਾਰੇ ਲਿਖਣ ਦੀ ਪ੍ਰੇਰਣਾ ਕਿਉਂ ਨਾ ਦਿਤੀ। ਭਾਈ ਨੰਦ ਲਾਲ ਨੇ ਗੁਰੂ ਸਾਹਿਬ ਦੀ ਤਾਰੀਫ ਵਿਚ ਕਿਤਨੀਆਂ ਹੀ ਗਜ਼ਲਾਂ ਲਿਖੀਆਂ ਪਰ ਕਿਤਨੀ ਹੈਰਾਨੀ ਹੈ ਕਿ ਭਾਈ ਨੰਦ ਲਾਲ ਜੀ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਦੀ ਇਕ ਵੀ ਘਟਨਾ ਬਿਆਨ ਨਹੀਂ ਕੀਤੀ।

੧੬੯੯ ਦੀ ਵਿਸਾਖੀ ਤੇ ਗੁਰੂ ਸਾਹਿਬ ਨੇ ਆਪਣੇ ਅਲੌਕਿਕ ਅਤੇ ਨਵੇਕਲੇ ਹੈਰਾਨਕੁਨ ਤਰੀਕੇ ਨਾਲ ਅਕਾਲ ਪੁਰਖ ਦੇ ਖਾਲਸੇ ਨੂੰ ਪਰਗਟ ਕਰਕੇ, ਅਕਾਲ ਪੁਰਖ ਦੀ ਫੌਜ ਦਾ ਨਿਰਮਾਣ ਕੀਤਾ। ਹੁਣ ਪੰਥ ਵਿਚ ਦੋ ਨਮੂਨੇ ਦੇ ਸਿੱਖ ਹੋ ਗਏ :

(੧) ਆਮ ਸਿੱਖ ਜਿਹੜੇ ਮੁਖ ਰੂਪ ਵਿਚ ਕੀਰਤਨ ਕਰਦੇ, ਸੁਣਦੇ ਅਤੇ ਲੰਗਰ ਛਕਦੇ ਸਨ।

(੨) **ਅੰਮ੍ਰਿਤਧਾਰੀ ਸਿੰਘ ਜਿਹੜੇ ਹਰ ਵਕਤ ਤਿਆਰ ਬਰ ਤਿਆਰ ਹਰ ਕੁਰਬਾਨੀ ਲਈ ਤਤਪਰ। ਕਕਾਰ ਇਸ ਖਾਲਸੇ ਦੀ ਫੌਜੀ ਵਰਦੀ ਸੀ ਅਤੇ ਹੈ।**

੧੬੯੯ ਵਿਚ, ਚਮਕੌਰ ਦੀ ਜੰਗ ੧੭੦੫ ਵਿਚ ਅਤੇ ਅਖੀਰਲੀ ਵਾਰੀ ੧੭੦੮ ਵਿਚ ਖਾਲਸੇ ਨੂੰ ਗੁਰੂ ਗੋਬਿੰਦ ਸਾਹਿਬ ਜੀ ਨੇ ਗੁਰੂ ਮੰਨਿਆ ਅਤੇ ਖਾਲਸੇ ਨੂੰ ਆਪਣੇ ਰੂਪ ਦਾ ਐਲਾਨ ਕਰ ਕੇ ਖਾਲਸੇ ਨੂੰ ਮੀਰੀ ਦੀ

Sri Satguru Jagjit Singh Ji eLibrary NamdhariElibrary@gmail.com

ਗੁਰਆਈ ਸੌਂਪੀ। ਗੁਰੂ ਗੋਬਿੰਦ ਸਿੰਘ ਜੀ ਦੇ ਦੋ ਅੰਤਿਮ ਫੁਰਮਾਨ ਜਿਨ੍ਹਾਂ ਵਲ ਪੰਥ ਨੇ ਪੂਰਾ ਧਿਆਨ ਨਹੀਂ ਦਿਤਾ ਅਤੇ ਜਿਸ ਕਾਰਨ ਪੰਥ ਭੰਬਲਭੂਸੇ ਵਿਚ ਫਸਿਆ ਹੋਇਆ ਹੈ :

(੧) ੧੬੯੯ ਵਿਚ ਗੁਰੂ ਸਾਹਿਬ ਨੇ ਮਸੰਦਾਂ ਨੂੰ ਖਤਮ ਕਰ ਕੇ ਐਲਾਨ ਕੀਤਾ ਸੀ ਕਿ ਹੁਣ ਦਸਵੰਧ ਸਿਧਾ ਉਨਾਂ ਨੂੰ ਦਿਤਾ ਜਾਏ। **ਗੁਰੂ ਸਾਹਿਬ ਤੋਂ ਬਾਅਦ ਇਹ ਦਸਵੰਧ ਸਿਧਾ ਖਾਲਸੇ ਦੇ ਕੇਂਦਰ ਨੂੰ ਦੇਣਾ ਹੀ ਬਣਦਾ ਸੀ।**

(੨) ਬੰਦਾ ਸਿੰਘ ਬਹਾਦਰ ਨੂੰ ਖਾਲਸੇ ਦਾ ਕਮਾਂਡਰ ਨਿਯੁਕਤ ਕਰਕੇ ਉਸ ਨਾਲ ਆਪਣੇ ਵਲੋਂ ਪੰਜ ਪਿਆਰੇ ਭੇਜੇ ਕਿ ਇਹ ਬੰਦਾ ਸਿੰਘ ਨੂੰ ਗੁਰਮਤ ਅਨੁਸਾਰ ਚਲਣ ਲਈ ਪ੍ਰੇਰਨਾ ਦੇਣਗੇ। ਗੁਰੂ ਸਾਹਿਬ ਤੋਂ ਬਾਦ ਹਾਲਾਤ ਦੀਆਂ ਮਜਬੂਰੀਆਂ ਕਰਕੇ ਪੰਥ ਇਨ੍ਹਾਂ ਤੋਂ ਖਿੜਕ ਕੇ ਖੇਰੂੰ ਖੇਰੂੰ ਹੁੰਦਾ ਆ ਰਿਹਾ ਹੈ। ਹੁੰਣ **ਖਾਲਸੇ ਨੇ ਪੰਜ ਪਰਧਾਨੀ ਲੀਡਰਸ਼ਿਪ ਅਤੇ ਆਪਣਾ ਕੇਂਦਰੀ ਖਜ਼ਾਨਾ ਬਣਾ ਕੇ ਸਮੁਚੇ ਪੰਥ ਨੂੰ ਇਕੱਠਾ ਕਰਨਾ ਹੈ।**

**<u>ਪੰਥ ਨੂੰ ਦਰਪੇਸ਼ ਅਹਿਮ ਚੁਣੌਤੀਆਂ</u> :**

- ੧੯੪੭ ਤੋਂ ਬਾਦ ਰਾਜ ਤੋਂ ਬਗੈਰ ਹੀਣਤਾ ਦਾ ਭਾਵ ਅਤੇ ਇਕ ਨੀਮ ਸਵਤੰਤਰ ਸਟੇਟ ਲਈ ਸੰਘਰਸ਼ ਜਿਸ ਲਈ ਲੀਡਰਾਂ ਦੇ ਕਹਿਣ ਤੇ ਭੋਲੇ ਭਾਲੇ ਸਿੰਘਾਂ ਨੇ ਬਹੁਤ ਕੁਰਬਾਨੀਆਂ ਦਿਤੀਆਂ।
- ੧੯੮੨-੧੯੮੪ ਦੇ ਧਰਮਯੁਧ ਮੋਰਚੇ ਦੀਆਂ ੪੫ ਮੰਗਾਂ ਦੀ ਜਗ੍ਹਾ ਪੰਥ ਨੂੰ ਨੀਲਾ ਤਾਰਾ ਸਾਕਾ ਮਿਲਿਆ ਅਤੇ ਇਸ ਉਪਰੰਤ ਲਖਾਂ ਸਿਖਾਂ ਦਾ ਘਾਣ ਅਤੇ ਪੰਥ ਅਤੇ ਸਿੱਖੀ ਦੇ ਖਿਲਾਫ ਭੰਡੀ ਪਰਚਾਰ।
- ਸਿੱਖਾਂ ਦੇ ਕਤਲੇਆਮ ਦੇ ਕਿਸੇ ਵੀ ਅਪਰਾਧੀ ਨੂੰ ਸਜ਼ਾ ਨਾ ਹੋਣੀ।
- ਪਿਛਲੇ ੫੦ ਸਾਲਾਂ ਦੇ ਸੰਘਰਸ਼ ਵਿਚੋਂ ਕੋਈ ਪਰਾਪਤੀ ਨਹੀਂ।
- ਸਾਰੇ ਪੰਥ ਵਿਚ ਫੈਲਦੀ ਪਤਿਤਪੁਣੇ ਦੀ ਲਹਿਰ।
- ਸਿੱਖੀ ਵਿਚ ਆਏ ਨਿਵਾਣ ਨੂੰ ਦੇਖ ਕੇ ਸਿੱਖੀ ਸੋਚ ਨੂੰ ਪੂਰਨ ਤੌਰ ਤੇ ਖਤਮ ਕਰਨ ਦੀਆਂ ਚੌਤਰਫੀ ਸਾਜਸ਼ਾਂ।

**<u>ਮੁਲਕ ਨੂੰ ਦਰਪੇਸ਼ ਚੁਣੌਤੀਆਂ</u> :**

* ਅਧ ਤੋਂ ਵਧ ਭਾਰਤੀ ਘੋਰ ਸੰਤਾਪ ਭੋਗ ਰਹੇ ਹਨ। ਕਾਰਗਿਲ ਦੀ ਛੋਟੀ ਲੜਾਈ ਉਪਰੰਤ ਫੌਜੀ ਬਜਟ ਵਿਚ ੧੩੦੦੦ ਕਰੋੜ ਦੀ ਵਰਿਧੀ ਕਾਰਨ ਕਣਕ, ਚਾਵਲ, ਚੀਨੀ ਖਾਦਾਂ ਆਦਿਕ ਦੀਆਂ ਕੀਮਤਾਂ ਵਿਚ ਵਾਧਾ ਹੋਣ ਕਾਰਨ ਗਰੀਬਾਂ ਲਈ ਮੁਸ਼ਕਿਲਾਂ।
* ਸੈਂਕੜੇ ਸਕੀਮਾਂ ਰਾਹੀਂ ਸਿਆਸੀ, ਅਫਸਰਸ਼ਾਹੀ ਅਤੇ ਵਪਾਰੀ ਵਰਗਾਂ ਦੀ ਅਰਬਾਂ ਦੀ ਲੁਟ। ਕਚਿਹਰੀਆਂ ਵਿਚ ਵਕੀਲਾਂ ਰਾਹੀਂ ਹਮੇਸ਼ਾਂ ਲਈ ਦਬੇ ਰਹਿਣ ਦੇ ਸਾਫ ਸੰਕੇਤ।
* ਅਮੀਰ ਗਰੀਬ ਦੇ ਵਧਦੇ ਫਰਕ ਕਾਰਨ ਅਪਰਾਧਾਂ ਵਿਚ ਵਾਧਾ ਅਤੇ ਪੁਲੀਸ ਵਿਚ ਭ੍ਰਿਸ਼ਟਾਚਾਰ ਦਾ ਵਧਣਾ।
* ੪ ਲਖ ਤਿਬਤੀ ਜਿਹੜੇ ੪੦ ਸਾਲ ਤੋਂ ਮੁਲਕ ਵਿਚ ਰਫਿਊਜੀ ਰਹਿ ਰਹੇ ਹਨ ਦੇ ਨਾਲ ਨਾਲ ਹੁਣ ਦਸ ਸਾਲ ਤੋਂ ਕਸ਼ਮੀਰੀ ਪੰਡਤ ਵੀ ਰਫਿਊਜੀ ਬਣੇ ਹੋਏ ਹਨ। ਹੋ ਸਕਦਾ ਹੈ ਹੁਣ ਕਸ਼ਮੀਰੀ ਸਿੱਖ ਵੀ ਇਧਰ ਆ ਜਾਣ।
* ਕਸ਼ਮੀਰ ਵਿਚ ਭਨ ਤੋੜ, ਕਤਲ ਅਤੇ ਅਸਥਿਰਤਾ।
* ਮੁਲਕ ਦੇ ਕਈ ਭਾਗਾਂ ਵਿਚ ਹਰ ਹਫਤੇ ਨਸਲੀ ਝਗੜੇ ਅਤੇ ਕਤਲ।

ਦੁਨੀਆਂ ਨੂੰ ਦਰਪੇਸ਼ ਚੁਣੌਤੀਆਂ :

# ਐਟਮ ਬੰਬਾਂ ਦੇ ਭੰਡਾਰ।

# ਹੋਰ ਮੁਲਕਾਂ ਵਲੋਂ ਐਟਮ ਹਥਿਆਰ ਬਣਾਣੇ।

# ਦੂਰ ਮਾਰ ਕਰਨ ਵਾਲੀਆਂ ਤੋਪਾਂ ਅਤੇ ਮਿਜ਼ਾਈਲਾਂ ਦਾ ਵਧਣਾ।

# ਦੁਨੀਆ ਦੇ ਕਈ ਮੁਲਕਾਂ ਦੇ ਆਪਸ ਦੇ ਝਗੜੇ।

# ਸਾਰੀ ਦੁਨੀਆਂ ਵਿਚ ਵਧਦਾ ਆਤੰਕਵਾਦ।

**ਸਾਰੇ ਸੰਸਾਰ ਵਿਚ ਫੈਲੀ ਇੰਟਰਨੈਸ਼ਨਲ ਖਾਲਸਾ ਸਟੇਟ ਦੇ ਉਦੇਸ਼ :**

ਗੁਰੂ ਨਾਨਕ ਦੇ ਨਿਰਮਲ ਪੰਥ ਦੀ ਇਹ ਨਿਰਾਲੀ ਸਟੇਟ ਨੇ ਸਭ ਮੁਲਕਾਂ ਅਤੇ ਧਰਮਾਂ ਨੂੰ ਅਗਵਾਈ ਦੇਕੇ ਅਕਾਲ ਪੁਰਖ ਨਾਲ ਜੋੜਨਾ।

੧) **"ਕੋਈ ਬੋਲੇ ਰਾਮ ਰਾਮ ਕੋਈ ਖੁਦਾਇ"** ਦਾ ਪ੍ਰਚਾਰ - ਕੇਵਲ ਖਾਲਸੇ ਵਲੋਂ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ ਇਸ ਸਰਬ ਸਾਂਝੀਵਾਲਤਾ ਦੇ ਡਟਵੇਂ ਅਤੇ ਸਰਗਰਮ ਪਰਚਾਰ ਨਾਲ ਲੜਾਈਆਂ ਬੰਦ ਕਰਵਾਣੀਆਂ।

੨) **ਮਾਰਕਸਵਾਦ ਦੀ ਜਗ੍ਹਾ : ਮਨੁੱਖਵਾਦੀ ਖਾਲਸਾ।** ਕਮਿਊਨਿਜ਼ਮ ਫਲਾਸਫੀ ਫੇਲ ਹੋ ਗਈ ਹੈ ਅਤੇ ਰੂਸ ਜਿਹਾ ਤਾਕਤਵਰ ਦੇਸ਼ ਕਿਰਤੀਆਂ ਦੇ ਨਿਕੰਮੇ ਹੋਣ ਨਾਲ ਉਤਸ਼ਾਹ ਤੋਂ ਵਾਂਝੇ ਰਹਿਣ ਨਾਲ ਉਥੇ ਨਿਰਾਸਤਾ ਦੇ ਕਾਰਣ ਲੋਕਾਂ ਵਿਚ ਬੇਚੈਨੀ ਦਾ ਸਭ ਤੋਂ ਵਧੀਆ ਹਲ। ਅਸੀਂ ਪਰਚਾਰਨਾ ਹੈ : "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥ ਜਿਥੈ ਨੀਚੁ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥"ਮਹਲਾ ਪਹਿਲਾ, ਪੰਨਾ ੧੫। ਸਾਰੇ ਰੂਸੀ ਇਸ ਸਟੇਟ ਦੇ ਵਾਸੀ ਬਣਨਾ ਪਸੰਦ ਕਰਨਗੇ।

੩) ਐਟਮ ਬੰਬਾਂ, ਮਿਜ਼ਾਈਲਾਂ ਅਤੇ ਦੂਰ ਮਾਰ ਕਰਨ ਵਾਲੀਆਂ ਤੋਪਾਂ ਦੇ ਖਾਤਮੇ ਨਾਲ ਫੌਜੀ ਬਜਟ ਦੇ ਘਟਣ ਨਾਲ ਸਾਰੇ ਮੁਲਕਾਂ ਦੇ ਪਿੰਡਾਂ ਤੇ ਕਿਰਤੀਆਂ ਦੀ ਉਨਤੀ।

੪) ੪੦ ਸਾਲ ਤੋਂ ਘੁਮਦੇ ਤਿਬਤੀ ਅਤੇ ੧੦ ਸਾਲ ਤੋਂ ਬੇਘਰ ਕਸ਼ਮੀਰੀ ਪੰਡਿਤ ਇਸ ਸਟੇਟ ਦੇ ਰਾਹੀਂ ਹੀ ਵਾਪਸ ਜਾ ਸਕਦੇ ਹਨ। **ਮਨੁਖਤਾ ਦੇ ਧਰਮ ਦਾ ਪਰਚਾਰ** ਕੇਵਲ ਇਹ ਸਟੇਟ ਹੀ ਕਰ ਸਕਦੀ ਹੈ UNO ਜਾਂ ਪੋਪ ਕੁਝ ਨਹੀਂ ਕਰ ਸਕੇ।

੫) **"ਸਰਬਤ ਦੇ ਭਲੇ" ਦੀ ਅਰਦਾਸ ਨੂੰ ਅਮਲੀ ਰੂਪ ਵਿਚ ਬਦਲਣਾ।** ਦੁਨੀਆ ਦੇ ੧੦ ਵੱਡੇ ਬੈਂਕਾਂ ਵਿਚ ਜਮ੍ਹਾਂ ਹੁੰਦਾ ਦਸਵੰਦ ਕੁਝ ਸਾਲਾਂ ਵਿਚ ਹੀ ਅਰਬਾਂ ਡਾਲਰ ਹੋ ਜਾਏਗਾ। ਇਸ ਦੇ ਸੂਦ ਨਾਲ ਹੀ ਇਸ ਸਟੇਟ ਨੇ ਆਪਣੇ ਸਾਰੇ ਕਾਰਜ ਕਰਨੇ ਹਨ। ਦੁਨੀਆ ਵਿਚ ਜਿਥੇ ਵੀ ਕੋਈ ਕੁਦਰਤੀ ਯਾ ਇਨਸਾਨ ਦੀ ਬਣਾਈ ਆਫਤ ਆਏ ਉਥੇ ਖਾਲਸਾ ਸਟੇਟ ਦੇ ਐਮਰਜੈਂਸੀ ਦਸਤਿਆਂ ਨੇ ਪਹੁੰਚ ਕੇ ਹਰ ਕਿਸਮ ਦੀ ਰਾਹਤ ਦੇਣੀ। ਮਨੁਖਤਾ ਦੀ ਹਰ ਸੰਕਟ ਸਮੇਂ ਤੱਤਪਰ ਸੇਵਾ ਨਾਲ ਹੀ ਇਹ ਸਟੇਟ ਸਾਰੀ ਮਨੁਖਤਾ ਨੂੰ ਪ੍ਰਭਾਵਤ ਕਰਕੇ ਆਪਣੇ ਵਲ ਖਿਚੇਗੀ। ਕਿਸੇ ਦੀ ਨੁਕਤਾਚੀਨੀ ਅਤੇ ਭੰਡੀ ਪ੍ਰਚਾਰ ਤੋਂ ਬਗੈਰ ਸਚਾਈ ਨੂੰ ਪੇਸ਼ ਕਰਨਾ ਖਾਲਸਾ ਸਟੇਟ ਦਾ ਮੁਖ ਉਦੇਸ਼ ਹੋਵੇਗਾ।

੬) ਸਾਰੀ ਦੁਨੀਆ ਵਿਚ ਫੈਲੇ ਸਿਖਾਂ ਦੇ ਹਿਤਾਂ ਦੀ ਰਾਖੀ। ਕਮਪਿਊਟਰਾਂ ਰਾਹੀਂ ਹਰ ਸਿੱਖ ਦਾ ਵੇਰਵਾ ਇਸ

ਸਟੇਟ ਕੋਲ ਹੋਵੇਗਾ। ਹਰ ਸਿੱਖ ਨੂੰ ਇਕਦਮ ਹਰ ਕਿਸਮ ਦੀ ਮਦੱਦ ਅਤੇ ਰਾਹਤ ਦੇਣਾ ਇਸ ਸਟੇਟ ਦਾ ਮੁਢਲਾ ਕੰਮ ਹੋਵੇਗਾ। ਪਿਛਲੇ ੫੦ ਸਾਲਾਂ ਦੇ ਪੰਥ ਦੇ ਇਤਿਹਾਸ ਵਲ ਹੀ ਨਜ਼ਰ ਮਾਰੀਏ ਤਾਂ ਅਸੀਂ ਗੈਰ ਸਿੱਖਾਂ ਦੇ ਰਹਿਮ ਅਤੇ ਪੰਥ ਦੋਖੀਆਂ ਨੂੰ ਮਦੱਦ ਦੀਆਂ ਅਪੀਲਾਂ ਕਰਦੇ ਆ ਰਹੇ ਹਾਂ। ਨਵੰਬਰ ੮੪ ਦੇ ਸਿੱਖ ਕਤਲੇਆਮ ਨਾਲ ਪਰਭਾਵਤ ਟਬਰ ਅਜੇ ਵੀ ਰਾਹਤ ਦੀ ਉਡੀਕ ਵਿਚ ਹਨ। ਲੱਖਾਂ ਟਬਰ ਪੰਜਾਬ ਵਿਚ ਸੰਤਾਪ ਭੋਗ ਰਹੇ ਹਨ ਅਤੇ ਇਸੀ ਕਾਰਣ ਸਿੱਖੀ ਤੋਂ ਦੂਰ ਜਾ ਰਹੇ ਹਨ। **ਸਾਰੇ ਸਿੱਖਾਂ ਨੂੰ ਜਲਦੀ ਹੀ ਯਕੀਨ ਹੋ ਜਾਏਗਾ ਕਿ ਉਹ ਇਕ ਤਾਕਤਵਰ ਅਤੇ ਦੁਨੀਆ ਦੀ ਸਭ ਤੋਂ ਪਿਆਰੀ ਅਤੇ ਪ੍ਰਭਾਵਸ਼ਾਲੀ ਸਟੇਟ ਦੇ ਅਜ਼ਾਦ ਸ਼ਹਿਰੀ ਹਨ ਅਤੇ ਗੁਰੂ ਪੰਥ ਦੇ ਉਹ ਸੇਵਾਦਾਰ ਵੀ ਹਨ। ਹਰ ਸਿੱਖ ਦੀ ਮਾਨਸਿਕ ਅਵਸਥਾ ਇਤਨੀ ਉੱਚੀ ਹੋ ਜਾਏਗੀ ਕਿ ਸਾਰੇ ਪੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਦੇ ਖਾਲਸੇ ਬਣਨ ਦੀਆਂ ਲਹਿਰਾਂ ਆਪਣੇ ਆਪ ਪੁੰਗਰ ਆਣਗੀਆਂ।**

## ਇੰਟਰਨੈਸ਼ਨਲ (ਸਰਬ ਸੰਸਾਰ) ਖਾਲਸਾ ਸਟੇਟ ਦੀ ਰੂਪ ਰੇਖਾ ਕਿਸ ਤਰ੍ਹਾਂ ਤਿਆਰ ਕੀਤੀ ਜਾਏ --

੧) ੨-੩ ਮਹੀਨੇ ਵਿਚ ਮੰਜੀ ਸਾਹਿਬ ਤੇ ਕੁਲ ਦੁਨੀਆ ਵਿਚੋਂ ੧੦੦੦-੧੧੦੦ ਸਿੱਖਾਂ ਦਾ **ਪੰਥੱਕ ਇਕੱਠ**।

੨) ਇਸ ਪੰਥੱਕ ਇਕੱਠ ਨੇ ਸਰਬ ਪਰਵਾਨਤ ੧੦੦ ਦੇ ਕਰੀਬ ਸਿੱਖਾਂ ਦੀ ਚੋਣ ਕਰਨੀ।

੩) ਸਰਬ ਪਰਵਾਨਿਤ ੧੦੦ ਸਿੱਖਾਂ ਨੇ ਆਂਦੀ ਦਿਵਾਲੀ ਨੂੰ ਅਕਾਲ ਤਖਤ ਤੇ **ਸਰਬਤ ਖਾਲਸਾ** ਦੇ ਰੂਪ ਵਿਚ ਲੰਬੀਆਂ ਵਿਚਾਰਾਂ ਉਪਰੰਤ ਸਰਬ ਸੰਸਾਰ ਖਾਲਸਾ ਸਟੇਟ ਦੀ ਰੂਪ ਰੇਖਾ ਤਿਆਰ ਕਰਨੀ ਤਾਂਕਿ ਇਕੀਵੀਂ ਸਦੀ ਦੀ ਪਹਿਲੀ ਵਸਾਖੀ-੨੦੦੧ ਨੂੰ ਇਸ ਦਾ ਐਲਾਨ ਕਰਕੇ ਇਸ ਦੀ ਸਥਾਪਨਾ ਕੀਤੀ ਜਾਏ। ਸ਼ੁਰੂ ਤੋਂ ਹੀ ਇਹ ਸਪਸ਼ੱਟ ਕਰ ਦਿਤਾ ਜਾਏ ਕਿ ਹਦਾਂ ਤੋਂ ਬਗੈਰ ਇਹ ਨਵੇਕਲੀ ਸਟੇਟ ਯੂ. ਐਨ. ਓ. ਦੀ ਮੈਂਬਰ ਨਹੀਂ ਬਣੇਗੀ ਪਰ ੨੦੦੧ ਦੀ ਵਸਾਖੀ ਤੇ ਸਭ ਸਟੇਟਾਂ ਦੇ ਨੁਮਾਇੰਦਿਆਂ ਨੂੰ ਨਿਮੰਤਰਣ ਜ਼ਰੂਰ ਭੇਜੇਗੀ। ਸਾਰੇ ਸੰਸਾਰ ਵਿਚ ਹਲੇਮੀ ਰਾਜ ਕਾਇਮ ਕਰਨ ਹਿਤ ਦੁਨੀਆਂ ਦੇ ਹਰ ਮੁਲਕ ਦਾ ਸਹਿਯੋਗ ਪ੍ਰਾਪਤ ਕਰਨਾ ਖਾਲਸਾ ਸਟੇਟ ਦਾ ਮੁਖ ਮੰਤਵ ਹੋਵੇਗਾ।

**"ਨਾਨਕੁ ਕਾਇਆ ਪਲਟੁ ਕਰਿ, ਮਲਿ ਤਖਤੁ ਬੈਠਾ ਸੈ ਡਾਲੀ ॥" ਗੁਰੂ ਪੰਥ ਨੇ ਸਾਕਾਰ ਕਰਨਾ ਹੈ : ਗੁਰੂ ਰੂਪ ਖਾਲਸੇ ਦਾ ਤਖ਼ਤ ੧੦੦ ਮੁਲਕਾਂ ਵਿਚ ਫੈਲਿਆ ਹੋਇਆ ਹੈ।**

**ਸਿੱਖ ਇਤਿਹਾਸ ਦੀ ਪਹਿਲੀ ਲਾਈਨ :**

**"ਜੋਤਿ ਰੂਪ ਹਰਿ ਆਪਿ ਗੁਰੂ ਨਾਨਕ ਕਹਾਯਉ"**

**ਸਿੱਖੀ ਦੇ ਦੋ ਮੁੱਖ ਸੰਦੇਸ਼ :**

"ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥"
"ਨਾ ਹਮ ਹਿੰਦੂ ਨ ਮੁਸਲਮਾਨ ॥"

ਡਾ. ਕੁਲਦੀਪ ਸਿੰਘ, ਰਿਟਾ. ਮੁੱਖੀ ਸਰਜਰੀ ਵਿਭਾਗ ਪੀ. ਜੀ. ਆਈ. ਚੰਡੀਗੜ੍ਹ, ੨੦੮੦-ਸੈਕਟਰ ੧੫-ਸੀ ਚੰਡੀਗੜ੍ਹ
ਫੋਨ - ੭੭੨੯੮੦

Sri Satguru Jagjit Singh Ji eLibrary NamdhariElibrary@gmail.com